# Punjab Government Gazette

## EXTRAORDINARY

*Published by Authority*

CHANDIGARH, MONDAY, AUGUST 31, 2026
(BHADRA 9, 1948 SAKA)

ਵਿਧਾਨਕ ਅਨੁਪੂਰਕ

ਮਜ਼ਮੂਨ ਪੰਨੇ

ਭਾਗ I ਐਕਟ

1. ਪੰਜਾਬ ਰਾਜ ਵਿਧਾਨ ਮੰਡਲ (ਨਾ-ਕਾਬਲੀਅਤ ਨਿਵਾਰਣ) ਐਕਟ, 1952 (1952 ਦਾ ਪੰਜਾਬ ਐਕਟ ਨੰ. 7) ...975-978

ਭਾਗ II ਆਰਡੀਨੈਂਸ

*ਕੋਈ ਨਹੀਂ*

ਭਾਗ III ਅਧੀਨ ਵਿਧਾਨਕਾਰੀ

*ਕੋਈ ਨਹੀਂ*

ਭਾਗ IV ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ

*ਕੋਈ ਨਹੀਂ*

———

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 31 ਅਗਸਤ, 2026

**ਨੰ.64/ਭ:ਕ/2026.-** ਪੰਜਾਬ ਰਾਜ ਵਿਧਾਨ ਮੰਡਲ (ਨਾ-ਕਾਬਲੀਅਤ ਨਿਵਾਰਣ) ਐਕਟ, 1952 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 31st August, 2026

**No.64/L.C./2026.-** The Translation in Punjabi of the Punjab State Legislature (Prevention of Disqualification) Act, 1952 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਰਾਜ ਵਿਧਾਨ ਮੰਡਲ (ਨਾ-ਕਾਬਲੀਅਤ ਨਿਵਾਰਣ) ਐਕਟ, 1952

(1952 ਦਾ ਪੰਜਾਬ ਐਕਟ ਨੰ: VII)

ਕੁੱਝ ਕੁ ਲਾਭ ਦੇ ਅਹੁਦਿਆਂ ਦਾ ਉਨ੍ਹਾਂ ਦੇ ਧਾਰਕਾਂ ਨੂੰ ਰਾਜ ਵਿਧਾਨ ਮੰਡਲ ਦੇ ਮੈਂਬਰ ਵਜੋਂ ਚੁਣੇ ਜਾਣ ਅਤੇ ਬਣੇ ਰਹਿਣ ਲਈ ਨਾ-ਕਾਬਲ ਨ ਐਲਾਨਣ ਲਈ ਇੱਕ ਐਕਟ।

ਇਸ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣਾਇਆ ਜਾਂਦਾ ਹੈ:-

1. (1) ਇਸ ਐਕਟ ਨੂੰ ਪੰਜਾਬ ਰਾਜ ਵਿਧਾਨ ਮੰਡਲ (ਨਾ-ਕਾਬਲੀਅਤ ਨਿਵਾਰਣ) ਐਕਟ, 1952 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਜਨਵਰੀ, 1950 ਦੇ ਛੱਬੀਵੇਂ ਦਿਨ ਤੋਂ ਨਾਫ਼ਜ਼ ਹੋਇਆ ਸਮਝਿਆ ਜਾਵੇਗਾ।

1ੳ. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,- ਪਰਿਭਾਸ਼ਾਵਾਂ।

(ੳ) "ਮੁਆਵਜ਼ਾ ਭੱਤਾ" ਦਾ ਮਤਲਬ ਹੈ ਧਨ ਦੀ ਉਹ ਰਕਮ ਜੋ ਕਿਸੇ ਅਹੁਦੇ ਦੇ ਧਾਰਕ ਨੂੰ, ਉਸ ਅਹੁਦੇ ਦੇ ਕਾਜਕਾਰਾਂ ਦਾ ਪਾਲਣ ਕਰਨ ਲਈ ਉਸ ਦੁਆਰਾ ਕੀਤੇ ਗਏ ਕਿਸੇ ਖਰਚ ਦੀ ਪ੍ਰਤਿ-ਪੂਰਤੀ ਕਰਨ ਦੇ ਲਈ ਉਸ ਨੂੰ ਸਮਰੱਥ ਬਣਾਉਣ ਦੇ ਪ੍ਰਯੋਜਨ ਲਈ ਰੋਜ਼ਾਨਾ ਭੱਤਾ (ਅਜਿਹਾ ਭੱਤਾ ਉਸ ਰੋਜ਼ਾਨਾ ਭੱਤੇ ਦੀ ਰਕਮ ਤੋਂ ਵੱਧ ਨਹੀਂ ਹੋਵੇਗਾ ਜਿਸ ਦੇ ਲਈ ਕੋਈ ਵਿਧਾਨ ਸਭਾ ਦਾ ਮੈਂਬਰ ਪੰਜਾਬ ਵਿਧਾਨ ਸਭਾ

(ਮੈਂਬਰਾਂ ਦੀ ਤਨਖਾਹ ਅਤੇ ਭੱਤੇ) ਐਕਟ, 1942 ਦੇ ਅਧੀਨ ਹੱਕਦਾਰ ਹੈ), ਕਿਸੇ ਸਵਾਰੀ ਭੱਤਾ, ਮਕਾਨ ਕਿਰਾਇਆ ਭੱਤਾ ਜਾਂ ਯਾਤਰਾ ਭੱਤਾ ਦੇ ਰੂਪ ਵਿੱਚ ਅਦਾਇਗੀਯੋਗ ਹੈ;

(ਅ) "ਪ੍ਰਵਿਧਾਨਕ ਬੌਡੀ" ਦਾ ਮਤਲਬ ਹੈ ਤੱਤ ਸਮੇਂ ਨਾਫ਼ਜ਼ ਕਿਸੇ ਕਾਨੂੰਨ ਦੁਆਰਾ ਜਾਂ ਅਧੀਨ ਸਥਾਪਤ ਕੀਤਾ ਗਿਆ ਕੋਈ ਨਿਗਮ, ਕਮੇਟੀ, ਕਮਿਸ਼ਨ, ਪਰਿਸ਼ਦ, ਬੋਰਡ ਜਾਂ ਵਿਅਕਤੀਆਂ ਦੀ ਹੋਰ ਬੌਡੀ, ਭਾਵੇਂ ਨਿਗਮਤ ਹੋਵੇ ਜਾਂ ਨ ਹੋਵੇ; ਅਤੇ

(ੲ) "ਗੈਰ-ਪ੍ਰਵਿਧਾਨਕ ਬੌਡੀ" ਦਾ ਮਤਲਬ ਹੈ ਪ੍ਰਵਿਧਾਨਕ ਬੌਡੀ ਤੋਂ ਬਿਨਾਂ ਵਿਅਕਤੀਆਂ ਦੀ ਕੋਈ ਬੌਡੀ।

ਰਾਜ ਵਿਧਾਨ ਮੰਡਲ ਦੀ ਸਦੱਸਤਾ ਲਈ ਨਾ-ਕਾਬਲੀਅਤ ਨਿਵਾਰਣ।

2. ਕੋਈ ਵਿਅਕਤੀ ਕੇਵਲ ਇਸ ਤੱਥ ਦੇ ਆਧਾਰ 'ਤੇ ਪੰਜਾਬ ਰਾਜ ਵਿਧਾਨ ਮੰਡਲ ਦਾ ਮੈਂਬਰ ਚੁਣੇ ਜਾਣ ਅਤੇ ਮੈਂਬਰ ਬਣੇ ਰਹਿਣ ਲਈ ਨਾ-ਕਾਬਲ ਨਹੀਂ ਹੋਵੇਗਾ ਕਿ ਉਹ ਭਾਰਤ ਸਰਕਾਰ ਦੇ ਅਧੀਨ ਜਾਂ ਪੰਜਾਬ ਰਾਜ ਦੀ ਸਰਕਾਰ ਅਧੀਨ ਹੇਠ-ਲਿਖੇ ਲਾਭ ਦੇ ਅਹੁਦਿਆਂ ਵਿੱਚੋਂ ਕੋਈ ਵੀ ਅਹੁਦਾ ਧਾਰਨ ਕਰਦਾ ਹੈ, ਅਰਥਾਤ:-

(ੳ) ਲੰਬਰਦਾਰ;

(ਅ) ਸਬ-ਰਜਿਸਟਰਾਰ, ਭਾਵੇਂ ਵਿਭਾਗੀ ਹੋਵੇ ਜਾਂ ਮਾਨ-ਅਰਥ, ਨੋਟਰੀ ਪਬਲਿਕ, ਸਹੁੰ-ਕਮਿਸ਼ਨਰ, ਇੱਕ ਸਰਕਾਰੀ ਪ੍ਰਾਪਕ ਜੋ ਪੂਰਨ-ਕਾਲੀ ਤਨਖਾਹਦਾਰ ਸਰਕਾਰੀ ਸੇਵਕ ਨਹੀਂ ਹੈ, ਜਾਂ ਕੋਈ ਵਿਅਕਤੀ ਜੋ ਕਿਸੇ ਬੀਮਾਕਾਰ ਦੇ ਅਧੀਨ ਲਾਭ ਦਾ ਅਹੁਦਾ ਧਾਰਨ ਕਰਦਾ ਹੈ ਜਿਸ ਦੇ ਕੰਟਰੋਲ ਅਧੀਨ ਕਾਰੋਬਾਰ ਦਾ ਪ੍ਰਬੰਧ ਜੀਵਨ ਬੀਮਾ (ਸੰਕਟ ਉਪਬੰਧ) ਐਕਟ, 1956 (1956 ਦਾ ਕੇਂਦਰੀ ਐਕਟ ਨੰ: 9) ਦੇ ਅਧੀਨ ਕੇਂਦਰੀ ਸਰਕਾਰ ਵਿੱਚ ਨਿਹਿਤ ਹੋ ਗਿਆ ਹੈ;

(ੲ) ਪ੍ਰਦੇਸ਼ਕ ਸੈਨਾ ਐਕਟ, 1948 (1948 ਦਾ ਐਕਟ LVI) ਅਧੀਨ ਭਰਤੀ ਕੀਤੇ ਗਏ ਅਧਿਕਾਰੀ, ਨਾਨ-ਕਮਿਸ਼ਨਡ ਅਧਿਕਾਰੀ ਅਤੇ ਵਿਅਕਤੀ; ਕੌਮੀ ਕੈਡਿਟ ਕੋਰ ਐਕਟ, 1948 (1948 ਦਾ ਐਕਟ XXXI) ਅਧੀਨ ਭਰਤੀ ਕੀਤੇ ਗਏ ਵਿਅਕਤੀ; ਅਤੇ ਰਾਖਵਾਂ ਅਤੇ ਸਹਾਇਕ ਹਵਾਈ ਸੈਨਾ ਐਕਟ, 1952 (1952 ਦਾ ਐਕਟ LXII) ਅਧੀਨ ਸਹਾਇਕ ਸੈਨਾ ਜਾਂ ਹਵਾਈ ਅਤੇ ਰੱਖਿਆ ਰਿਜ਼ਰਵ ਦੇ ਵਿਅਕਤੀ;

(ੲੲ) ਪੰਜਾਬ ਹੋਮਗਾਰਡ ਐਕਟ, 1947 ਅਧੀਨ ਗਠਤ ਪੰਜਾਬ ਹੋਮਗਾਰਡ ਦੇ ਮੈਂਬਰ ਦਾ ਅਹੁਦਾ, ਜਾਂ ਭਾਰਤੀ ਰੱਖਿਆ ਐਕਟ, 1962 ਦੀ

ਧਾਰਾ 7 ਅਧੀਨ ਗਠਤ ਸਮਝਿਆ ਜਾਣ ਵਾਲਾ ਸਿਵਲ ਰੱਖਿਆ ਸੇਵਾ ਦੇ ਮੈਂਬਰ ਦਾ ਅਹੁਦਾ;

(ਸ) ਅਧਿਕਾਰੀਆਂ ਦੀ ਸੈਨਾ ਰਿਜ਼ਰਵ ਵਿੱਚ ਅਧਿਕਾਰੀ;

(ਹ) * * * *

(ਕ) ਮੁੱਖ ਸੰਸਦੀ ਸਕੱਤਰ ਜਾਂ ਸੰਸਦੀ ਸਕੱਤਰ ਜਾਂ ਸੰਸਦੀ ਅਧੀਨ ਸਕੱਤਰ;

(ਕਕ) ਰਾਜਨੀਤਿਕ ਸਕੱਤਰ, ਮੁੱਖ ਮੰਤਰੀ, ਪੰਜਾਬ;

(ਕਕਕ) ਵਿੱਤੀ ਸੁਧਾਰਾਂ ਅਤੇ ਆਰਥਿਕ ਪੁਨਰਗਠਨ ਲਈ ਰਾਜ ਪੱਧਰ ਕਮੇਟੀ ਦਾ ਚੇਅਰਮੈਨ;

(ਖ) * * * *

(ਖਖ) ਨੇਤਾ ਵਿਰੋਧੀ ਧਿਰ ਜਿਵੇਂ ਨੇਤਾ ਵਿਰੋਧੀ ਧਿਰ ਵਿਧਾਨ ਸਭਾ, ਤਨਖਾਹ ਅਤੇ ਭੱਤੇ ਐਕਟ, 1978 ਵਿੱਚ ਪਰਿਭਾਸ਼ਤ ਹੈ;

(ਗ) * * * *

(ਘ) ਪੰਜਾਬ ਵਕਫ਼ ਬੋਰਡ ਦਾ ਚੇਅਰਪਰਸਨ;

(ਙ) ਕਿਸੇ ਮੰਤਰੀ (ਮੁੱਖ ਮੰਤਰੀ ਸਮੇਤ), ਰਾਜ ਮੰਤਰੀ ਜਾਂ ਉਪ-ਮੰਤਰੀ ਦੁਆਰਾ ਸੰਭਾਲਿਆ ਗਿਆ ਕੋਈ ਅਹੁਦਾ, ਭਾਵੇਂ ਉਹ ਅਹੁਦੇ-ਕਾਰਨ ਜਾਂ ਨਾਮ ਦੁਆਰਾ ਹੋਵੇ;

(ਚ) ਰਾਜ ਯੋਜਨਾ ਬੋਰਡ ਦੇ ਚੇਅਰਮੈਨ, ਵਾਈਸ-ਚੇਅਰਮੈਨ, ਉਪ-ਚੇਅਰਮੈਨ ਦਾ ਅਹੁਦਾ;

(ਛ) ਪੰਜਾਬ ਰਾਜ ਵਿਧਾਨ ਮੰਡਲ ਵਿੱਚ ਕਿਸੇ ਮਾਨਤਾ ਪ੍ਰਾਪਤ ਧਿਰ ਅਤੇ ਮਾਨਤਾ ਪ੍ਰਾਪਤ ਗਰੁੱਪ ਦੇ ਹਰੇਕ ਨੇਤਾ ਅਤੇ ਹਰੇਕ ਉਪ-ਨੇਤਾ ਦਾ ਅਹੁਦਾ;

(ਜ) ਪੰਜਾਬ ਰਾਜ ਵਿਧਾਨ ਮੰਡਲ ਵਿੱਚ ਮੁੱਖ ਵਿਪ, ਉਪ ਮੁੱਖ ਵਿਪ ਜਾਂ ਵਿਪ ਦਾ ਅਹੁਦਾ;

(ਝ) ਕਿਸੇ ਯੂਨੀਵਰਸਿਟੀ ਦੀ ਸਿੰਡੀਕੇਟ, ਸੈਨੇਟ, ਕਾਰਜਪਾਲਕ ਕਮੇਟੀ, ਪਰਿਸ਼ਦ ਜਾਂ ਕੋਰਟ ਜਾਂ ਯੂਨੀਵਰਸਿਟੀ ਨਾਲ ਜੁੜੀ ਕਿਸੇ ਹੋਰ ਬੌਡੀ ਦੇ ਚੇਅਰਮੈਨ ਜਾਂ ਮੈਂਬਰ ਦਾ ਅਹੁਦਾ;

(ਞ) ਲੋਕ ਮਹੱਤਵ ਦੇ ਕਿਸੇ ਮਾਮਲੇ ਦੇ ਬਾਰੇ ਵਿੱਚ ਸਰਕਾਰ ਜਾਂ ਕਿਸੇ ਹੋਰ ਅਥਾਰਟੀ ਨੂੰ ਸਲਾਹ ਦੇਣ ਦੇ ਪ੍ਰਯੋਜਨ ਲਈ ਜਾਂ ਕਿਸੇ ਅਜਿਹੇ ਮਾਮਲੇ ਦੀ ਜਾਂਚ ਕਰਨ ਜਾਂ ਉਸ ਦੇ ਬਾਰੇ ਵਿੱਚ ਅੰਕੜੇ ਇਕੱਠੇ ਕਰਨ ਦੇ ਪ੍ਰਯੋਜਨ ਲਈ ਅਸਥਾਈ ਤੌਰ ਤੇ ਸਥਾਪਤ ਕੀਤੀ ਗਈ ਕਿਸੇ ਕਮੇਟੀ (ਭਾਵੇਂ ਇੱਕ ਜਾਂ ਇੱਕ ਤੋਂ ਵੱਧ ਮੈਂਬਰਾਂ ਤੋਂ ਮਿਲ ਕੇ

ਬਣੀ ਹੋਵੇ) ਦੇ ਚੇਅਰਮੈਨ ਜਾਂ ਮੈਂਬਰ ਦਾ ਅਹੁਦਾ, ਜੇ ਅਜਿਹੇ ਅਹੁਦੇ ਦਾ ਧਾਰਕ ਮੁਆਵਜ਼ਾ ਭੱਤੇ ਤੋਂ ਬਿਨਾਂ ਕਿਸੇ ਹੋਰ ਮਿਹਨਤਾਨੇ ਦਾ ਹੱਕਦਾਰ ਨਹੀਂ ਹੈ; ਅਤੇ

(ਟ) ਖੰਡ (ਟ) ਵਿੱਚ ਹਵਾਲਾ ਕੀਤੀ ਗਈ ਕਿਸੇ ਅਜਿਹੀ ਬੌਡੀ ਤੋਂ ਬਿਨਾਂ ਕਿਸੇ ਵੀ ਪ੍ਰਵਿਧਾਨਕ ਜਾਂ ਗੈਰ-ਪ੍ਰਵਿਧਾਨਕ ਬੌਡੀ ਦੇ ਚੇਅਰਮੈਨ, ਡਾਇਰੈਕਟਰ ਜਾਂ ਮੈਂਬਰ (ਭਾਵੇਂ ਉਸ ਦਾ ਕੋਈ ਵੀ ਨਾਂ ਲਿਆ ਜਾਂਦਾ ਹੋਵੇ) ਦਾ ਅਹੁਦਾ, ਜੇ ਅਜਿਹੇ ਅਹੁਦੇ ਦਾ ਧਾਰਕ ਮੁਆਵਜ਼ਾ ਭੱਤੇ ਤੋਂ ਬਿਨਾਂ ਕੋਈ ਹੋਰ ਮਿਹਨਤਾਨਾ ਲੈਣ ਦਾ ਹੱਕਦਾਰ ਨਹੀਂ ਹੈ।

2-ੳ. * * * * *

ਨਿਰਸਨ। 3. ਪੰਜਾਬ ਵਿਧਾਨ ਸਭਾ (ਨਾਕਾਬਲੀਅਤਾਂ ਦੂਰ ਕਰਨਾ) ਐਕਟ, 1937, ਅਤੇ ਪੰਜਾਬ ਆਰਜ਼ੀ ਵਿਧਾਨ ਮੰਡਲ (ਨਾਕਾਬਲੀਅਤਾਂ ਨਿਵਾਰਣ) ਐਕਟ, 1950, ਇਸ ਦੁਆਰਾ ਨਿਰਸਤ ਕੀਤੇ ਜਾਂਦੇ ਹਨ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

**ਡਿਸਕਲੇਮਰ:-** ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3815/8-2026/Pb. Govt. Press, S.A.S. Nagar*